## ਗੁਰਮੁਖੀ ਲਿਪੀ (ਜਾਣ-ਪਛਾਣ)

**ਲਿਪੀ**- ਭਾਸ਼ਾ ਦੀਆਂ ਧੁਨੀਆਂ ਨੂੰ ਲਿਖਤੀ ਰੂਪ ਦੇਣ ਲਈ ਜੋ ਚਿੰਨ੍ਹ ਵਰਤੇ ਜਾਂਦੇ ਹਨ, ਉਹਨਾਂ ਦੇ ਸਮੂਹ ਨੂੰ ਲਿਪੀ ਕਿਹਾ ਜਾਂਦਾ ਹੈ। ਹਰ ਭਾਸ਼ਾ ਦੀ ਆਪਣੀਆਂ ਲੋੜਾਂ ਅਨੁਸਾਰ ਇੱਕ ਵੱਖਰੀ ਲਿਪੀ ਹੁੰਦੀ ਹੈ। ਜਿਵੇਂ ਹਿੰਦੀ ਲਈ ਦੇਵਨਾਗਰੀ ਲਿਪੀ, ਅੰਗਰੇਜ਼ੀ ਲਈ ਰੋਮਨ ਲਿਪੀ ਵਰਤੀ ਜਾਂਦੀ ਹੈ, ਉਸੇ ਤਰ੍ਹਾਂ ਪੰਜਾਬੀ ਲਿਖਣ ਲਈ ਗੁਰਮੁਖੀ ਲਿਪੀ ਵਰਤੀ ਜਾਂਦੀ ਹੈ।

## ਗੁਰਮੁਖੀ ਲਿਪੀ ਦਾ ਨਾਮਕਰਨ

ਪੰਜਾਬੀ ਭਾਸ਼ਾ ਲਈ ਵਰਤੀ ਜਾਂਦੀ ਲਿਪੀ ਨੂੰ ਗੁਰਮੁਖੀ ਲਿਪੀ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਗੁਰਮੁਖੀ ਲਿਪੀ ਦਾ ਮੌਜੂਦਾ ਰੂਪ ਗੁਰੂ ਸਾਹਿਬਾਨ ਦੁਆਰਾ ਤਰਤੀਬ-ਬੱਧ ਕੀਤਾ ਗਿਆ ਹੈ। ਗੁਰਮੁਖੀ ਲਿਪੀ ਦੇ ਅੱਖਰ ਗੁਰੂ ਸਾਹਿਬਾਨ ਤੋਂ ਪਹਿਲਾਂ ਹੀ ਮੌਜੂਦ ਸਨ। ਗੁਰੂ ਸਾਹਿਬਾਨ ਨੇ ਇਹਨਾਂ ਚਿੰਨ੍ਹਾਂ ਨੂੰ ਨਿਸ਼ਚਿਤ ਅਤੇ ਵਿਗਿਆਨਕ ਢੰਗ ਨਾਲ ਤਰਤੀਬ-ਬੱਧ ਕੀਤਾ। ਇਹ ਕੰਮ ਗੁਰੂ ਨਾਨਕ ਸਾਹਿਬ ਅਤੇ ਗੁਰੂ ਅੰਗਦ ਦੇਵ ਜੀ ਵੱਲੋਂ ਵਿਸ਼ੇਸ਼ ਤੌਰ ਤੇ ਕੀਤਾ ਗਿਆ। ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿਪੀ ਨਿਸ਼ਚਿਤ ਹੋਣ ਤੋਂ ਪਹਿਲਾਂ ਪੰਜਾਬੀ ਸ਼ਾਹਮੁਖੀ ਲਿਪੀ ਰਾਹੀ ਲਿਖੀ ਜਾਂਦੀ ਸੀ। ਪੱਛਮੀ ਪਾਕਿਸਤਾਨ ਵਿੱਚ ਅੱਜ ਵੀ ਪੰਜਾਬੀ ਲਿਖਣ ਲਈ ਸ਼ਾਹਮੁਖੀ ਲਿਪੀ ਵਰਤੀ ਜਾਂਦੀ ਹੈ। ਗੁਰੂ ਸਾਹਿਬਾਨ ਨੇ ਨਾ ਕੇਵਲ ਗੁਰਮੁਖੀ ਲਿਪੀ ਨੂੰ ਵਿਗਿਆਨਕ ਅਧਾਰ ਤੇ ਤਰਤੀਬ ਦਿੱਤੀ ਸਗੋਂ ਇਸਨੂੰ ਵਰਤਣ ਦੀ ਪਿਰਤ ਵੀ ਪਾਈ।

## ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ

ਗੁਰਮੁਖੀ ਲਿਪੀ ਵਿੱਚ ਅੱਖਰ ਕ੍ਰਮ, ਖਾਕਾ, ਸਵਰ ਵਾਹਕ, ਵੱਖ-ਵੱਖ ਚਿੰਨ੍ਹ ਅਤੇ ਵਿਸ਼ਰਾਮ ਚਿੰਨ੍ਹ ਵਿਸ਼ੇਸ਼ ਮਹੱਤਵ ਰੱਖਦੇ ਹਨ।

1. ਗੁਰਮੁਖੀ ਲਿਪੀ ਪੰਜਾਬੀ ਭਾਸ਼ਾ ਨੂੰ ਪੈਂਤੀ ਚਿੰਨ੍ਹ ਪ੍ਰਦਾਨ ਕਰਦੀ ਹੈ। ਜਿਸ ਕਰਕੇ ਇਸਨੂੰ ਪੈਂਤੀ ਅੱਖਰੀ ਵੀ ਕਿਹਾ ਜਾਂਦਾ ਹੈ।

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |

2. ਪੰਜਾਬੀ ਭਾਸ਼ਾ ਵਿੱਚ ਕਈ ਸ਼ਬਦ ਉਰਦੂ ਅਤੇ ਫਾਰਸੀ ਦੇ ਵੀ ਵਰਤੇ ਜਾਂਦੇ ਹਨ। ਉਹਨਾਂ ਸ਼ਬਦਾਂ ਨੂੰ ਅੰਕਿਤ ਕਰਨ ਲਈ ਗੁਰਮੁਖੀ ਲਿਪੀ ਵਰਣਮਾਲਾ ਵਿੱਚ ਪਹਿਲਾਂ ਹੀ ਮੌਜੂਦ ਪੰਜ ਅੱਖਰਾਂ/ਵਰਣਾਂ ਦੇ ਪੈਰ ਵਿੱਚ ਬਿੰਦੀ ਲਾ ਕੇ ਵੱਖਰਤਾ ਸਿਰਜਦੀ ਹੈ।

| | | | | |
|---|---|---|---|---|
| ਸ਼ | ਖ਼ | ਗ਼ | ਜ਼ | ਫ਼ |

ਲ਼ ਚਿੰਨ੍ਹ ਤਾਲਵੀ ਧੁਨੀ ਨੂੰ ਅੰਕਿਤ ਕਰਦਾ ਹੈ।

3. ਵਰਣਮਾਲਾ ਦੇ ਪਹਿਲੇ ਤਿੰਨ ਵਰਣ ੳ, ਅ, ੲ ਸਵਰ ਵਾਹਕ ਵਜੋਂ ਵਰਤੇ ਜਾਂਦੇ ਹਨ। ਇਹ ਸਵਰ ਵਾਹਕ ਪੰਜਾਬੀ ਦੇ ਦਸ ਸਵਰਾਂ ਅਤੇ ਨੌਂ ਲਗਾ ਮਾਤਰਾਂ ਨੂੰ ਅੰਕਿਤ ਕਰਦੇ ਹਨ।

ਅ, ਆ, ਇ, ਈ, ਉ, ਊ, ਔ, ਏ, ਐ

ਲਗਾ ਮਾਤਰਾ ਦੀ ਵਰਤੋਂ ਸਵਰਾਂ ਨਾਲ ਕੀਤੀ ਜਾਂਦੀ ਹੈ।

4. ਗੁਰਮੁਖੀ ਲਿਪੀ ਬਿੰਦੀ (ਂ), ਟਿੱਪੀ ( ੰ) ਅਤੇ ਅੱਧਕ ( ੱ) ਦੇ ਚਿੰਨ੍ਹ ਪ੍ਰਦਾਨ ਕਰਦੀ ਹੈ ਜੋ ਕ੍ਰਮਵਾਰ ਨਾਸਿਕਤਾ ਅਤੇ ਬਲ ਨੂੰ ਅੰਕਿਤ ਕਰਦੇ ਹਨ। ਇਹਨਾਂ ਨੂੰ ਲਗਾਖਰ ਕਿਹਾ ਜਾਂਦਾ ਹੈ।

5. ਗੁਰਮੁਖੀ ਲਿਪੀ ਖੱਬੇ ਤੋਂ ਸੱਜੇ ਪਾਸੇ ਨੂੰ ਲਿਖੀ ਜਾਂਦੀ ਹੈ।

6. ਗੁਰਮੁਖੀ ਲਿਪੀ ਵਿੱਚ ੳ ਨੂੰ ਛੱਡ ਕੇ ਬਾਕੀ ਸਾਰੇ ਅੱਖਰ ਲਕੀਰ ਤੋਂ ਥੱਲੇ ਲਿਖੇ ਜਾਂਦੇ ਹਨ। ੳ/ਦਾ ਅੱਧਾ ਹਿੱਸਾ ਲਕੀਰ ਤੋਂ ਉੱਪਰ ਆਉਂਦਾ ਹੈ।

7. ਵਰਨਮਾਲਾ ਵਿੱਚ ਅ, ਖ, ਘ, ਪ, ਮ ਅੱਖਰਾਂ ਨੂੰ ਛੱਡ ਕੇ ਬਾਕੀ ਸਭ ਦੇ ਉੱਤੇ ਲਕੀਰ ਖਿੱਚੀ ਜਾਂਦੀ ਹੈ।

8. ਲਗਾ ਮਾਤਰਾਂ ਵਿੱਚ ਬਿੰਦੀ(ਂ), ਟਿੱਪੀ ( ੰ) ਅਤੇ ਅੱਧਕ ( ੱ), ਹੋੜਾ ( ੋ), ਲਾਂ ( ੇ), ਦੁਲਾਵਾਂ ( ੈ), ਕਨੌੜਾ ( ੌ) ਲਕੀਰ ਤੋਂ ਉੱਪਰ ਲੱਗਦੇ ਹਨ ਜਦ ਕਿ ਔਂਕੜ ( ੁ), ਦੁਲੈਂਕੜ ( ੂ) ਲਕੀਰ ਤੋਂ ਥੱਲੇ ਲੱਗਦੇ ਹਨ। ਸਿਹਾਰੀ (ਿ) ਅਤੇ ਬਿਹਾਰੀ (ੀ) ਅੱਧੇ ਲਕੀਰ ਤੋਂ ਉੱਪਰ ਹੁੰਦੇ ਹਨ। ਕੰਨੇ ਦੀ ਮਾਤਰਾ (ਾ) ਲਕੀਰ ਤੋਂ ਥੱਲੇ ਲੱਗਦੀ ਹੈ।